**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ ਕੰਪਲੈਕਸ**
**ਪੰਜਾਬ ਸਕੂਲ ਸਿੱਖਿਆ ਬੋਰਡ ਫੇਜ-8 ਐਸ.ਏ.ਐਸ. ਨਗਰ**
**(ਦਫਤਰੀ ਅਮਲਾ ਸਾਖਾ)**

ਵੱਲ:

ਸਮੂਹ ਰਾਜ ਦੇ ਜਿਲ੍ਹਾ ਸਿੱਖਿਆ ਅਫਸਰ (ਸੈਸਿ)/(ਐਸਿ),
ਪੰਜਾਬ।

ਮੀਮੋ ਨੰ: 3/7-19 ਦਅ (6)
ਮਿਤੀ: 25-10-2019

ਵਿਸ਼ਾ: ਦਰਜਾ ਚਾਰ (ਦਸਵੀਂ ਪਾਸ) ਤੋਂ ਬਤੌਰ ਐਸ.ਐਲ.ਏ./ਲਾਇਬ੍ਰੇਰੀ ਰਿਸਟੋਰਰ ਪਦਉਨਤੀਆਂ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਦਰਜਾ ਚਾਰ (ਦਸਵੀਂ ਪਾਸ) ਦੀ ਪਦਉਨਤੀਆਂ ਲਈ ਸੀਨੀਆਰਤਾ ਸੂਚੀ ਵਿਭਾਗ ਵੱਲੋਂ ਹੁਕਮ ਨੰ: 16/4-2016 ਦਅ(6) ਮਿਤੀ 20-08-2019 ਰਾਹੀ ਫਾਈਨਲ ਕਰਕੇ ਜਾਰੀ ਕੀਤੀ ਗਈ ਹੈ।ਇਸ ਸੀਨੀਆਰਤਾ ਸੂਚੀ ਅਨੁਸਾਰ ਦਰਜਾ ਚਾਰ (ਦਸਵੀਂ ਪਾਸ) ਤੋਂ ਐਸ.ਐਲ.ਏ./ਲਾਇਬ੍ਰੇਰੀ ਰਿਸਟੋਰਰ ਦੀਆਂ ਪਦਉਨਤੀਆਂ ਕੀਤੀਆਂ ਜਾਣੀਆਂ ਹਨ ਜਿਸ ਦੀ ਹੇਠਾਂ ਦਰਸਾਏ ਟੇਬਲ ਵਿੱਚ ਦਰਜ਼ ਸੀਨੀਆਰਤਾ ਨੰਬਰ ਤੱਕ ਦੇ ਕਰਮਚਾਰੀਆਂ ਨੂੰ ਪਦਉਨਤੀ ਕਰਨ ਲਈ ਉਹਨਾ ਵੱਲੋਂ ਪ੍ਰਾਪਤ ਆਪਸ਼ਨ ਦੇ ਅਧਾਰ ਤੇ ਵਿਚਾਰਿਆ ਜਾਣਾ ਹੈ:-

| ਲੜੀ ਨੰ: | ਕੈਟਾਗਰੀ | ਮਿਤੀ 20-8-2019 ਨੂੰ ਫਾਈਨਲ ਕੀਤੀ ਦਰਜਾ ਚਾਰ (ਦਸਵੀਂ ਪਾਸ) ਦੀ ਸੀਨੀਆਰਤਾ ਸੂਚੀ ਅਨੁਸਾਰ |
|---|---|---|
| 1 | ਜਨਰਲ ਕਰਮਚਾਰੀ | ਸੀਨੀਆਰਤਾ ਨੰ: 1 ਤੋਂ 700 ਤੱਕ |
| 2 | ਐਸ.ਸੀ.ਕਰਮਚਾਰੀ | ਸੀਨੀਆਰਤਾ ਨੰ: 701 ਤੋਂ 750 ਤੱਕ |
| 3 | ਅੰਗਹੀਣ ਕਰਮਚਾਰੀ | ਸੀਨੀਆਰਤਾ ਨੰ: 701 ਤੋਂ 900 ਤੱਕ |

- ਉਕਤ ਦਰਜ਼ ਸੀਨੀਆਰਤਾ ਨੰਬਰ ਤੱਕ ਦੇ ਕਰਮਚਾਰੀਆਂ ਪਾਸੋਂ ਐਸ.ਐਲ.ਏ. ਜਾਂ ਲਾਇਬ੍ਰੇਰੀ ਰਿਸਟੋਰਰ ਦੀ ਪਦਉਨਤੀ ਲਈ ਅਸਾਮੀ ਦੀ ਚੋਣ ਲਈ ਆਪਸ਼ਨ ਲਈ ਜਾਣੀ ਹੈ ਤਾਂ ਜੋ ਕਰਮਚਾਰੀ ਦੀ ਆਪਸ਼ਨ ਅਨੁਸਾਰ ਉਹਨਾਂ ਵੱਲੋਂ ਚੁਣੀ ਗਈ ਅਸਾਮੀ (ਭਾਵ ਐਸ.ਐਲ.ਏ. ਜਾਂ ਲਾਇਬ੍ਰੇਰੀ ਰਿਸਟੋਰਰ) ਦੀ ਅਸਾਮੀ ਲਈ ਵਿਚਾਰਿਆ ਜਾ ਸਕੇ। ਵਿਭਾਗ ਵੱਲੋਂ ਉਪਰੋਕਤ ਦਰਜ਼ ਕਰਮਚਾਰੀਆਂ ਤੋਂ ਆਪਸ਼ਨ ਆਨ-ਲਾਈਨ ਲਈ ਜਾਣੀ ਹੈ ਜਿਸ ਲਈ ਵਿਭਾਗ ਵੱਲੋਂ epunjabschool.gov.in Staff login ਅਧੀਨ ਲਿੰਕ ਬਣਾਇਆ ਗਿਆ ਹੈ।ਉਪਰੋਕਤ ਕਰਮਚਾਰੀਆਂ ਨੂੰ ਮਿਤੀ: 05-11-2019 ਤੱਕ ਆਪਸ਼ਨ ਕਲਿੱਕ ਕਰਨ ਲਈ ਸਮਾਂ ਦਿੱਤਾ ਜਾਂਦਾ ਹੈ।

➢ ਇਹ ਵੀ ਸਪਸ਼ਟ ਕੀਤਾ ਜਾਦਾ ਹੈ ਕਿ ਕਰਮਚਾਰੀ ਵੱਲੋਂ ਇੱਕ ਹੀ ਅਸਾਮੀ ਭਾਵ (ਐਸ.ਐਲ.ਏ. ਜਾਂ ਲਾਇਬ੍ਰੇਰੀ ਰਿਸਟੋਰਰ) ਲਈ ਕਲਿੱਕ ਕੀਤਾ ਜਾਵੇ। ਕਲਿੱਕ ਕਰਨ ਤੋਂ ਬਾਅਦ ਆਪਸ਼ਨ ਬਦਲੀ ਨਹੀ ਜਾਵੇਗੀ। ਸਬੰਧਤ ਸਕੂਲ ਮੁਖੀ ਆਪਣੇ ਅਧੀਨ ਕੰਮ ਕਰਦੇ ਦਰਜਾ ਚਾਰ (ਦਸਵੀਂ ਪਾਸ) ਕਰਮਚਾਰੀ ਦੀ ਪਦਉਨਤੀ ਲਈ ਆਪਸ਼ਨ ਕਲਿੱਕ ਕਰਵਾਉਣਗੇ। ਵਿਭਾਗ ਵੱਲੋਂ ਮਿੱਥੇ ਸਮੇਂ ਤੱਕ ਆਪਸ਼ਨ ਕਲਿੱਕ ਨਾ ਕਰਨ ਦੀ ਸੂਰਤ ਵਿੱਚ ਕਰਮਚਾਰੀ ਨੂੰ ਵਿਭਾਗੀ ਨਿਯਮਾਂ ਅਨੁਸਾਰ ਬਣਦੀ ਅਸਾਮੀ ਲਈ ਵਿਚਾਰ ਲਿਆ ਜਾਵੇ।

➢ ਦਰਜਾ ਚਾਰ (ਦਸਵੀਂ ਪਾਸ) ਤੋਂ ਐਸ.ਐਲ.ਏ./ਲਾਇਬ੍ਰੇਰੀ ਰਿਸਟੋਰਰ ਦੀਆਂ ਨਿਰਧਾਰਿਤ ਪਦਉਨਤੀ ਦੀਆਂ ਅਸਾਮੀਆਂ ਤੋਂ ਵੱਧ ਆਪਸ਼ਨ ਪ੍ਰਾਪਤ ਹੋਣ ਤੇ ਵਿਭਾਗ ਵੱਲੋਂ ਸੀਨੀਆਰਤਾ ਅਨੁਸਾਰ ਬਚਦੇ ਕਰਮਚਾਰੀਆਂ ਨੂੰ ਦੂਜੇ ਕਾਡਰ ਜਿਵੇਂ ਕਿ ਐਸ.ਐਲ.ਏ.ਜਾਂ ਲਾਇਬ੍ਰੇਰੀ ਰਿਸਟੋਰਰ ਦੀ ਅਸਾਮੀ ਤੇ ਪਦਉਨਤੀ ਲਈ ਵਿਚਾਰਿਆ ਜਾਵੇਗਾ।

➢ ਐਸ.ਐਲ.ਏ./ਲਾਇਬ੍ਰੇਰੀ ਰਿਸਟੋਰਰ ਦਰਜਾ ਤਿੰਨ ਕੈਟਾਗਰੀ ਵਿੱਚ ਹੋਣ ਕਾਰਨ ਰਿਟਾਇਰਮੈਂਟ ਦੀ ਉਮਰ 58 ਸਾਲ ਹੈ। ਇਸ ਲਈ ਦਰਜਾ ਚਾਰ (ਦਸਵੀਂ ਪਾਸ) ਦੀ ਪਦਉਨਤੀ ਲਈ 58 ਸਾਲ ਤੋਂ ਵੱਧ ਉਮਰ ਵਾਲੇ ਕਰਮਚਾਰੀਆਂ ਨੂੰ ਪਦਉਨਤੀ ਲਈ ਨਹੀ ਵਿਚਾਰਿਆ ਜਾਵੇਗਾ।

➢ ਜੇਕਰ ਕਿਸੇ ਵੀ ਸਕੂਲ ਮੁਖੀ ਦੇ ਨੋਟਿਸ ਵਿੱਚ ਇਹ ਆਉਂਦਾ ਹੈ ਕਿ ਉਹਨਾਂ ਦੇ ਅਧੀਨ ਕੰਮ ਕਰਦਾ ਕਰਮਚਾਰੀ ਕਿਸੇ ਵੀ ਤਰ੍ਹਾ ਨਾਲ ਹੁਣ ਦੀ ਤਾਜਾ ਸਥਿਤੀ ਅਨੁਸਾਰ ਪਦਉਨਤੀ ਲਈ ਯੋਗ ਨਹੀ ਹੈ ਤਾਂ ਉਹਨਾਂ ਦੀ ਸੂਚੀ ਤੁਰੰਤ ਇਸ ਦਫਤਰ ਨੂੰ ਪੋਰਟਲ ਦੇ ਬੰਦ ਹੋਣ ਤੋਂ ਪਹਿਲਾਂ-ਪਹਿਲਾਂ ਆਪਣੇ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਰਾਹੀਂ ਵਿਸ਼ੇਸ਼ ਦੂਤ ਭੇਜ ਕੇ ਇਸ ਦਫਤਰ ਨੂੰ ਸੂਚਿਤ ਕਰਨਗੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ।

ਪਿੱਠ ਅੰਕਣ ਨੰ: ਉਕਤ　　　　ਮਿਤੀ: 25-10-2019

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ/ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਪੀ.ਏ. ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ।

2) ਇੰਚਾਰਜ ਐਮ.ਆਈ.ਐਸ.ਵਿੰਗ, ਦਫਤਰ ਸਰਵ ਸਿੱਖਿਆ ਅਭਿਆਨ, ਪੰਜਾਬ ਨੂੰ ਬੇਨਤੀ ਹੈ ਕਿ ਉਕਤ ਸਥਿਤੀ ਅਨੁਸਾਰ ਦਰਜਾ ਚਾਰ ਕਰਮਚਾਰੀਆਂ ਤੋਂ ਬਤੌਰ ਐਸ.ਐਲ.ਏ./ਲਾਇਬ੍ਰੇਰੀ ਰਿਸਟੋਰਰ ਦੀ ਪਦਉਨਤੀ ਲਈ ਈ-ਪੰਜਾਬ ਤੇ ਪੋਰਟਲ ਤਿਆਰ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਤਾਂ ਜੋ ਇਹ ਪਦਉਨਤੀਆਂ ਦਾ ਨਿਪਟਾਰਾ ਕੀਤਾ ਜਾ ਸਕੇ।

ਸੁਪਰਡੰਟ ਦਫਤਰੀ ਅਮਲਾ